# 4 ਭਾਗ

## ਉਦੇਸ਼

- ਸਮੂਹ ਬਣਾ ਕੇ ਵੰਡ ਵਿਧੀ ਸਮਝਾਉਣਾ ।
- ਭਾਗ ਵਾਰ–ਵਾਰ ਘਟਾਓ ਵਿਧੀ ਨਾਲ ।
- ਭਾਗ ਅਤੇ ਗੁਣਾ ਵਿੱਚ ਸਬੰਧ ।
- ਸਮੂਹ ਬਣਾ ਕੇ ਅਤੇ ਪਹਾੜਿਆਂ ਦੀ ਵਰਤੋਂ ਰਾਹੀਂ ਭਾਗ ਵਿਧੀ ਸਮਝਾਉਣਾ ।
- ਦਿਮਾਗੀ ਅੰਕ ਗਣਿਤ–ਇੱਕ ਅੰਕ ਵਾਲੀ ਸੰਖਿਆ ਅਤੇ ਦੋ ਅੰਕਾਂ ਵਾਲੀ ਸੰਖਿਆ ਨੂੰ ਜ਼ੁਬਾਨੀ ਜੋੜਨਾ ਅਤੇ ਘਟਾਉਣਾ।
- ਦੋ ਅੰਕਾਂ ਵਾਲੀ ਸੰਖਿਆ ਨੂੰ ਜ਼ੁਬਾਨੀ ਦੁੱਗਣਾ ਕਰਨਾ ।

## ਕੀ ਤੁਹਾਨੂੰ ਯਾਦ ਹੈ ?



(i) ਪਲੇਟਾਂ ਵਿੱਚ ਕੁੱਲ..............ਲੱਡੂ ਹਨ ।

(ii) ਲੱਡੂ..............ਸਮੂਹਾਂ ਵਿੱਚ ਵੰਡੇ ਹੋਏ ਹਨ ।

(iii) ਹਰ ਸਮੂਹ ਵਿੱਚ..............ਲੱਡੂ ਹਨ ।

## ਆਓ ਸਿੱਖੀਏ

## ਘਟਾਓ ਵਿਧੀ ਨਾਲ ਭਾਗ

ਆਓ 12 ਅੰਬਾਂ ਨੂੰ 3 ਬੱਚਿਆਂ ਵਿੱਚ ਵੰਡੀਏ।



12 ਅੰਬਾਂ ਵਿੱਚੋਂ 1-1 ਅੰਬ ਤਿੰਨਾਂ ਬੱਚਿਆਂ ਨੂੰ ਦਿੱਤਾ ਤਾਂ ਬਾਕੀ 9 ਅੰਬ ਬਚੇ।



12-3 = 9

9 ਅੰਬਾਂ ਵਿੱਚੋਂ 1-1 ਅੰਬ ਤਿੰਨਾਂ ਬੱਚਿਆਂ ਨੂੰ ਹੋਰ ਦਿੱਤਾ ਤਾਂ ਬਾਕੀ 6 ਅੰਬ ਬਚੇ।



9-6 = 3

6 ਅੰਬਾਂ ਵਿੱਚੋਂ 1-1 ਅੰਬ ਤਿੰਨਾਂ ਬੱਚਿਆਂ ਨੂੰ ਹੋਰ ਦਿੱਤਾ ਤਾਂ ਬਾਕੀ 3 ਅੰਬ ਬਚੇ।



6-3 = 3

ਬਾਕੀ ਬਚਦੇ 3 ਅੰਬਾਂ ਨੂੰ ਤਿੰਨਾਂ ਬੱਚਿਆਂ ਵਿੱਚ ਵੰਡ ਦਿੱਤਾ ਤਾਂ ਬਾਕੀ ਕੋਈ ਅੰਬ ਨਹੀਂ ਬਚਿਆ।



3-3 = 0

ਦੇਖੋ ਹਰੇਕ ਬੱਚੇ ਨੂੰ 4-4 ਅੰਬ ਮਿਲੇ।


ਇਸ ਲਈ 12 ÷ 3 = 4 ਹੈ।




ਭਾਗ ਦਾ ਮਤਲਬ ਵਾਰ-ਵਾਰ ਘਟਾਉਣਾ ਹੈ।



ਆਓ ਹੁਣ 20 ਗੁਬਾਰਿਆਂ ਨੂੰ 5 ਬੱਚਿਆਂ ਵਿੱਚ ਵੰਡੀਏ।




20 ਗੁਬਾਰਿਆਂ ਵਿੱਚੋਂ 5 ਬੱਚਿਆਂ ਨੂੰ 1-1 ਗੁਬਾਰਾ ਦਿੱਤਾ ਤਾਂ ਬਾਕੀ 15 ਗੁਬਾਰੇ ਬਚੇ।




20-5 = 15

15 ਗੁਬਾਰਿਆਂ ਵਿੱਚੋਂ 5 ਬੱਚਿਆਂ ਨੂੰ 1-1 ਗੁਬਾਰਾ ਦਿੱਤਾ ਤਾਂ ਬਾਕੀ 10 ਗੁਬਾਰੇ ਬਚੇ।



15-5 = 10

10 ਗੁਬਾਰਿਆਂ ਵਿੱਚੋਂ 5 ਬੱਚਿਆਂ ਨੂੰ 1-1 ਗੁਬਾਰਾ ਦਿੱਤਾ ਤਾਂ ਬਾਕੀ 5 ਗੁਬਾਰੇ ਬਚੇ।



10-5 = 5

5 ਗੁਬਾਰਿਆਂ ਵਿੱਚੋਂ 5 ਬੱਚਿਆਂ ਨੂੰ 1-1 ਗੁਬਾਰਾ ਦਿੱਤਾ ਤਾਂ ਬਾਕੀ ਕੋਈ ਗੁਬਾਰਾ ਨਹੀਂ ਬਚਿਆ।



5-5 = 0

ਦੇਖੋ ਹਰੇਕ ਬੱਚੇ ਨੂੰ 4-4 ਗੁਬਾਰੇ ਮਿਲੇ ਹਨ। ਇਸ ਲਈ 20 ÷ 5 = 4

## ਆਓ ਕਰੀਏ

ਘਟਾਓ ਵਿਧੀ ਨਾਲ ਭਾਗ :

**20 ÷ 4**

| | |
|---|---|
| | 2 0 |
| ਪਹਿਲੀ ਵਾਰ | − 4 |
| | 1 6 |
| ਦੂਜੀ ਵਾਰ | − 4 |
| | 1 2 |
| ਤੀਜੀ ਵਾਰ | − 4 |
| | 8 |
| ਚੌਥੀ ਵਾਰ | − 4 |
| | 4 |
| ਪੰਜਵੀ ਵਾਰ | − 4 |
| | 0 |

$20 \div 4 = \boxed{5}$



**15 ÷ 5**

**18 ÷ 6**




**8 ÷ 2**

## ਆਓ ਸਿੱਖੀਏ

### ਆਓ ਬਰਾਬਰ ਸਮੂਹ ਬਣਾਈਏ

| | |
|---|---|
|  | ਸਮੂਹਾਂ ਦੀ ਗਿਣਤੀ<br>8 ÷ 2 = 4 |
|  | 12 ÷ 4 = 3 |
|  | 12 ÷ 6 = 2 |

## ਆਓ ਕਰੀਏ

| | |
|---|---|
|  | 9 ÷ 3 = ☐ |
|  | 12 ÷ 4 = ☐ |
|  | 4 ÷ 2 = ☐ |
|  | 8 ÷ 4 = ☐ |
|  | 14 ÷ 2 = ☐ |
|  | 15 ÷ 5 = ☐ |

# ਬਰਾਬਰ-ਬਰਾਬਰ ਵੰਡੋ




ਅੱਜ ਮੇਰੇ ਜਨਮ ਦਿਨ
'ਤੇ ਮੇਰੇ 4 ਦੋਸਤ ਆ ਰਹੇ ਹਨ।



ਮੈਂ 12 ਚਾਕਲੇਟ, ਆਪਣੇ
ਦੋਸਤਾਂ ਵਿੱਚ ਵੰਡਾਂਗਾ।



ਸਾਰਿਆਂ ਨੂੰ ਬਰਾਬਰ-ਬਰਾਬਰ
ਚਾਕਲੇਟ ਦੇਣੀ ਹੈ।






ਹਰੇਕ ਨੂੰ 3 ਚਾਕਲੇਟਾਂ
ਮਿਲੀਆਂ।






**$12 \div 4 = 3$**


**$12 \div 4$ ਦਾ ਭਾਵ ਭਾਗ ਕਰਨਾ ਜਾਂ ਵੰਡ/ਹਿੱਸੇ ਕਰਨਾ।**

## ਆਓ ਸਿੱਖੀਏ

6 ਟਾਫ਼ੀਆਂ ਨੂੰ 3 ਬੱਚਿਆਂ ਵਿੱਚ ਬਰਾਬਰ ਵੰਡੋ :








6 ÷ 3 = 2 ਟਾਫ਼ੀਆਂ ਹਰੇਕ ਬੱਚੇ ਨੂੰ

---

4 ਫੁੱਲਾਂ ਨੂੰ 2 ਗਮਲਿਆਂ ਵਿੱਚ ਬਰਾਬਰ ਲਗਾਓ :






4 ÷ 2 = 2 ਫੁੱਲ ਹਰੇਕ ਗਮਲੇ ਵਿੱਚ

## ਆਓ ਕਰੀਏ

12 ਸੇਬ 3 ਪਲੇਟਾਂ ਵਿੱਚ ਬਰਾਬਰ ਵੰਡੋ :






___ ÷ ___ = ___ ਹਰੇਕ ਪਲੇਟ ਵਿੱਚ

---

8 ਕੁਲਫ਼ੀਆਂ 2 ਬੱਚਿਆਂ ਵਿੱਚ ਬਰਾਬਰ ਵੰਡੋ :





___ ÷ ___ = ___ ਹਰੇਕ ਬੱਚੇ ਨੂੰ


**ਬਰਾਬਰ-ਬਰਾਬਰ ਵੰਡਣ ਦੀ ਵਿਧੀ ਨੂੰ ਭਾਗ ਕਹਿੰਦੇ ਹਨ। ਭਾਗ ਦਾ '÷' ਚਿੰਨ੍ਹ ਹੁੰਦਾ ਹੈ।**

ਆਓ ਸਿਖੀਏ

## ਭਾਗ ਅਤੇ ਗੁਣਾ ਵਿੱਚ ਸਬੰਧ



12 ਫੁੱਲਾਂ ਨੂੰ ਕਤਾਰਾਂ ਅਤੇ ਕਾਲਮਾਂ ਵਿੱਚ ਤਰਤੀਬ ਨਾਲ ਰੱਖਿਆ ਗਿਆ ਹੈ।





$12 \div 3 = 4$ ਹਰੇਕ ਕਤਾਰ ਵਿੱਚ 4 ਫੁੱਲ ਹਨ।

$12 \div 4 = 3$ ਹਰੇਕ ਕਾਲਮ ਵਿੱਚ 3 ਫੁੱਲ ਹਨ।

$3 \times 4 = 12$ → $12 \div 3 = 4$, $12 \div 4 = 3$


---




$5 \times 4 = 20$ →

$20 \div 5 = 4$ ਹਰੇਕ ਕਤਾਰ ਵਿੱਚ 4 ਸੇਬ

$20 \div 4 = 5$ ਹਰੇਕ ਕਾਲਮ ਵਿੱਚ 5 ਸੇਬ




$3 \times 4 = 12$

$12 \div 3 = 4$ $12 \div 4 = 3$

**ਆਓ ਕਰੀਏ**

1.

$3 \times 5 = 15$ $5 \times 2 = 10$

$4 \times 2 = 8$ $6 \times 3 = 18$

$2 \times 7 = 14$ $6 \times 4 = 24$

ਅਵਨੀਤ ਕੋਲ 15 ਟਾਫ਼ੀਆਂ ਹਨ। ਉਹ ਉਹਨ੍ਹਾਂ ਨੂੰ 5 ਬੱਚਿਆਂ ਵਿੱਚ ਬਰਾਬਰ-ਬਰਾਬਰ ਵੰਡਦਾ ਹੈ।





(ੳ) (i) ਹਰ ਬੱਚੇ ਕੋਲ _____ ਟਾਫ਼ੀਆਂ ਹੋਣਗੀਆਂ।

(ii) 15 ÷ 5 = _____

(ਅ) ਜੇਕਰ ਉਹ ਤਿੰਨ ਬੱਚਿਆਂ ਨੂੰ ਬਰਾਬਰ-ਬਰਾਬਰ ਟਾਫ਼ੀਆਂ ਵੰਡਦਾ ਹੈ ਤਾਂ

(i) ਹਰ ਬੱਚੇ ਕੋਲ _____ ਟਾਫ਼ੀਆਂ ਹੋਣਗੀਆਂ।

(ii) 15 ÷ 3 = _______

ਰਸਲੀਨ ਕੋਲ 12 ਗੁਬਾਰੇ ਹਨ, 3 ਬੱਚਿਆਂ ਵਿੱਚ ਬਰਾਬਰ-ਬਰਾਬਰ ਵੰਡਦਾ ਹੈ।





(ੳ) (i) ਹਰ ਬੱਚੇ ਕੋਲ _____ ਗੁਬਾਰੇ ਹੋਣਗੇ

(ii) 12 ÷ 3 = _____

(ਅ) ਜੇਕਰ ਗੁਬਾਰੇ 4 ਬੱਚਿਆਂ ਨੂੰ ਬਰਾਬਰ-ਬਰਾਬਰ ਵੰਡਦਾ ਹੈ ਤਾਂ

(i) ਹਰ ਬੱਚੇ ਕੋਲ ਗੁਬਾਰੇ = _____

(ii) 12 ÷ 4 = _____

# ਪਹਾੜਿਆਂ ਦੀ ਵਰਤੋਂ ਨਾਲ ਭਾਗ

- 2 ਦੇ ਪਹਾੜੇ ਦੀ ਵਰਤੋਂ ਕਰੋ ਅਤੇ ਭਾਗ ਕਰੋ :

| | |
|---|---|
| 18 ÷ 2 = 9 | 2 × 9 = 18 |
| 8 ÷ 2 = | 2 × 4 = 8 |
| 12 ÷ 2 = | 2 × 6 = 12 |
| 16 ÷ 2 = | 2 × 8 = |
| 14 ÷ 2 = | 2 × 7 = |
| 10 ÷ 2 = | 2 × 5 = |
| 6 ÷ 2 = | 2 × 3 = |

- 5 ਦੇ ਪਹਾੜੇ ਦੀ ਵਰਤੋਂ ਕਰੋ ਅਤੇ ਭਾਗ ਕਰੋ :

| | |
|---|---|
| 15 ÷ 5 = | 5 × 3 = |
| 20 ÷ 5 = | 5 × 4 = |
| 25 ÷ 5 = | |
| 30 ÷ 5 = | |
| 10 ÷ 5 = | |
| 40 ÷ 5 = | |
| 35 ÷ 5 = | |

- 10 ਦੇ ਪਹਾੜੇ ਦੀ ਵਰਤੋਂ ਕਰੋ ਅਤੇ ਭਾਗ ਕਰੋ :

| | |
|---|---|
| 40 ÷ 10 = | 10 × 4 = |
| 50 ÷ 10 = | 10 × 5 = |
| 30 ÷ 10 = | |
| 20 ÷ 10 = | |
| 80 ÷ 10 = | |
| 60 ÷ 10 = | |

## ਭਾਗ ਦੇ ਗੁਣ

1. ਜਦੋਂ ਅਸੀਂ ਕਿਸੇ ਸੰਖਿਆ ਨੂੰ 1 ਨਾਲ ਭਾਗ ਕਰਦੇ ਹਾਂ ਤਾਂ ਜਵਾਬ ਉਹੀ ਸੰਖਿਆ ਹੁੰਦੀ ਹੈ ।



8 ਲੱਡੂ



$8 \div 1 = 8$

2. ਜਦੋਂ ਸੰਖਿਆ ਨੂੰ ਉਸੇ ਹੀ ਸੰਖਿਆ ਨਾਲ ਭਾਗ ਕਰਦੇ ਹਾਂ ਤਾਂ ਜਵਾਬ ਹਮੇਸ਼ਾ 1 ਹੁੰਦਾ ਹੈ ।




5 ਗੁਬਾਰੇ



$5 \div 5 = 1$

3. ਜਦੋਂ 0 ਨੂੰ ਕਿਸੇ ਸੰਖਿਆ ਨਾਲ ਭਾਗ ਕਰਦੇ ਹਾਂ ਤਾਂ ਜਵਾਬ ਹਮੇਸ਼ਾਂ 0 ਹੁੰਦਾ ਹੈ ।



$0 \div 3 = 0$






### ਆਓ ਕਰੀਏ

1. ਖਾਲੀ ਥਾਵਾਂ ਭਰੋ

| | |
|---|---|
| (i) $4 \div 4 =$ ______ | (ii) $3 \div$ ___ $= 1$ |
| (iii) $0 \div 5 =$ _____ | (iv) ___ $\div 2 = 0$ |
| (v) $2 \div 2 =$ _____ | (vi) $10 \div$ ___ $= 1$ |

# ਖੇਡ-ਖੇਡ ਵਿੱਚ ਭਾਗ

## ਆਓ ਸਿੱਖੀਏ

ਅੱਜ ਅਸੀਂ ਕਰੰਸੀ ਨੋਟਾਂ ਨਾਲ ਵੰਡਣਾ ਸਿੱਖਾਂਗੇ

ਅਸੀਂ 1, 2, 5 ਅਤੇ 10 ਦੇ ਕਰੰਸੀ ਨੋਟਾਂ ਦੀ ਵਰਤੋਂ ਕਰਾਂਗੇ

ਮੇਰੇ ਕੋਲ 16 ਰੁਪਏ ਹਨ। ਦੋ ਬੱਚਿਆਂ ਵਿੱਚ ਬਰਾਬਰ-ਬਰਾਬਰ ਵੰਡਣੇ ਹਨ। ਦੱਸੋ ਹਰੇਕ ਨੂੰ ਕਿੰਨੇ ਰੁਪਏ ਆਉਣਗੇ ?

ਦੋ ਬੱਚੇ ਅੱਗੇ ਆਓ! ਹੁਣ ਇੱਕ ਹੋਰ ਬੱਚਾ ਅੱਗੇ ਆਏ ਤੇ ਦਿੱਤੇ ਕਰੰਸੀ ਨੋਟਾਂ ਵਿੱਚੋਂ 16 ਰੁਪਏ ਚੁੱਕੇ ਅਤੇ ਇਹਨਾਂ ਨੂੰ ਵੰਡੇ।

ਕੀ ਤੁਸੀਂ ਦੋਹਾਂ ਬੱਚਿਆਂ ਨੂੰ ਦਸ-ਦਸ ਰੁਪਏ ਦੇ ਸਕਦੇ ਹੋ ?

ਨਹੀਂ, ਮੈਡਮ ਜੀ ਇਹ ਤਾਂ 16 ਤੋਂ ਵੱਧ ਹੋ ਜਾਣਗੇ।

ਫਿਰ ਕੀ ਤੁਸੀਂ 5-5 ਰੁਪਏ ਦੋਹਾਂ ਬੱਚਿਆਂ ਨੂੰ ਦੇ ਸਕਦੇ ਹੋ ?

ਜੀ, ਮੈਡਮ ਜੀ
5 + 5 = 10

ਦੋ ਬੱਚੇ ਅੱਗੇ ਆ ਕੇ 16 ਰੁਪਏ ਵਿੱਚੋਂ ਪੰਜ ਪੰਜ ਰੁਪਏ ਲੈ ਲੈਂਦੇ ਹਨ।

ਹੁਣ ਬਚੇ 6 ਰੁਪਏ। ਦੋਹਾਂ ਨੂੰ 5-5 ਰੁਪਏ ਨਹੀਂ ਦੇ ਸਕਦੇ। ਫਿਰ 2-2 ਰੁਪਏ ਦਿਓ (2 + 2 = 4)

ਹੁਣ ਬਚੇ 2 ਰੁਪਏ। ਹੁਣ ਦੋਹਾਂ ਨੂੰ ਸਿਰਫ਼ 1-1 ਰੁਪਇਆ ਦੇ ਸਕਦੇ ਹਾਂ ਇਸ ਤਰ੍ਹਾਂ ਦੋਹਾਂ ਬੱਚਿਆਂ ਨੂੰ 8-8 ਰੁਪਏ ਮਿਲੇ।




16 ÷ 2 = 8

| | | |
|---|---|---|
| 2 | 16 | |
| | − 10 | 5 |
| | 6 | |
| | − 4 | 2 |
| | 2 | |
| | − 2 | 1 |
| | × | |



5 + 2 + 1 = 8 ਰੁਪਏ



$36 \div 3$

$$\begin{array}{r|r|l} 3 & 36 & \\ & -30 & 10 \\ \hline & 6 & 2 \\ & -6 & \\ \hline & 0 & \end{array}$$

$10 + 2 = 12$

$48 \div 2$

$$\begin{array}{r|r|l} 2 & 48 & \\ & -20 & 10 \\ \hline & 28 & 10 \\ & -20 & \\ \hline & 8 & \\ & -4 & 2 \\ \hline & 4 & \\ & -4 & 2 \\ \hline & 0 & \end{array}$$

$10 + 10 + 2 + 2 = 24$

$48 \div 2 = 24$

ਵੱਡੇ ਸਵਾਲਾਂ ਲਈ 1, 2, 5, 10 ਦੇ ਨਾਲ 20 ਰੁਪਏ ਦੇ ਨੋਟਾਂ ਨੂੰ ਸ਼ਾਮਿਲ ਕਰਕੇ ਹੱਲ ਕਰੋ।

$48 \div 2$

$$\begin{array}{r|r|l} 2 & 48 & \\ & -40 & 20 \\ \hline & 8 & \\ & -4 & 2 \\ \hline & 4 & \\ & -4 & 2 \\ \hline & 0 & \end{array}$$

$20 + 2 + 2 = 24$

$48 \div 2 = 24$

$75 \div 3$

$$\begin{array}{r|r|l} 3 & 75 & \\ & -60 & 20 \\ \hline & 15 & \\ & -15 & 5 \\ \hline & 0 & \end{array}$$

$20 + 5 = 25$

$75 \div 3 = 25$

$75 \div 3 = 25$

ਭਾਜ ↓ 75   ਭਾਜਕ ↓ 3   ਭਾਗਫਲ ↓ 25

## ਆਓ ਕਰੀਏ

ਦੋ ਅੰਕੀ ਸੰਖਿਆ ਨੂੰ ਇੱਕ ਅੰਕੀ ਸੰਖਿਆ ਨਾਲ ਭਾਗ ਕਰੋ :

| | | |
|---|---|---|
| $12 \div 2$ | $18 \div 2$ | $24 \div 3$ |
| $30 \div 3$ | $16 \div 4$ | $28 \div 4$ |
| $80 \div 10$ | $57 \div 3$ | $65 \div 5$ |


ਤਾਨੀਆ ਕੋਲ 32 ਟਾਫ਼ੀਆ ਹਨ। ਉਹ ਦੋ ਸਹੇਲੀਆਂ ਵਿੱਚ ਬਰਾਬਰ ਵੰਡਣਾ ਚਾਹੁੰਦੀ ਹੈ। ਦੱਸੋ ਉਹ ਹਰੇਕ ਸਹੇਲੀ ਨੂੰ ਕਿੰਨੀਆਂ ਟਾਫੀਆਂ ਦੇਵੇਗੀ ?


ਅਵਨੀਤ ਕੋਲ 10 ਰਬੜਾਂ ਹਨ ।ਉਹ ਆਪਣੇ 5 ਦੋਸਤਾਂ ਨੂੰ ਬਰਾਬਰ ਰਬੜਾਂ ਦੇਣਾ ਚਾਹੁੰਦਾ ਹੈ ।ਉਹ ਹਰੇਕ ਦੋਸਤ ਨੂੰ ਕਿੰਨੀਆਂ ਰਬੜਾਂ ਦੇਵੇਗਾ ?


ਜਮਾਤ ਵਿੱਚ 20 ਬੱਚੇ ਹਨ । ਚਾਰ ਕਤਾਰਾਂ ਵਿੱਚ ਬਰਾਬਰ-ਬਰਾਬਰ ਬੱਚੇ ਬੈਠੇ ਹਨ ।ਦੱਸੋ ਇਕ ਕਤਾਰ ਵਿੱਚ ਕਿੰਨੇ ਬੱਚੇ ਬੈਠੇ ਹਨ ?


## ਆਓ ਸਿੱਖੀਏ

### ਜ਼ੁਬਾਨੀ ਦੁਗਣਾ ਕਰੋ/ਅੱਧਾ ਕਰੋ

















## ਆਓ ਕਰੀਏ



## ਦਿਮਾਗੀ ਕਸਰਤ

| | |
|---|---|
| I) ਕੋਈ ਸੰਖਿਆ ਸੋਚੋ | 27 |
| ii) 3 ਜਮ੍ਹਾਂ ਕਰੋ | $27 + 3 = 30$ |
| iii) 2 ਨਾਲ ਗੁਣਾ ਕਰੋ | $30 \times 2 = 60$ |
| iv) 4 ਘਟਾਓ | $60 - 4 = 56$ |
| v) 2 ਨਾਲ ਭਾਗ ਕਰੋ | $56 \div 2 = 28$ |
| vi) 1 ਘਟਾਓ | $28 - 1 = 27$ |

ਉੱਤਰ : ਸੋਚਿਆ ਹੋਇਆ ਨੰਬਰ

| | |
|---|---|
| i) ਕੋਈ 2 ਅੰਕੀ ਸੰਖਿਆ ਸੋਚੋ | 23 |
| ii) 7 ਜੋੜੋ | $23 + 7 = 30$ |
| iii) 3 ਘਟਾਓ | $30 - 3 = 27$ |
| iv) 7 ਜੋੜੋ | $27 + 7 = 34$ |
| v) 1 ਘਟਾਓ | $34 - 1 = 33$ |

ਉੱਤਰ : ਪ੍ਰਾਪਤ ਸੰਖਿਆ ਤੋਂ 10 ਘੱਟ = 23

| | |
|---|---|
| I) ਕੋਈ ਦੋ ਅੰਕ ਸੋਚੋ | 6, 7 |
| ii) ਦੋਨੋਂ ਅੰਕਾਂ ਨੂੰ ਜੋੜੋ | $6 + 7 = 13$ |
| iii) ਫਿਰ ਵੱਡੇ ਵਿਚੋਂ ਛੋਟੇ ਅੰਕ ਨੂੰ ਘਟਾਓ | $7 - 6 = 1$ |
| iv) ਜੋੜ ਅਤੇ ਘਟਾਓ ਦਾ ਅੰਤਰ ਲੱਭੋ | $13 - 1 = 12$ |
| v) ਜਵਾਬ ਨੂੰ 2 ਨਾਲ ਭਾਗ ਕਰੋ | $12 \div 2 = 6$ |

ਉੱਤਰ : ਸੋਚਿਆ ਹੋਇਆ ਛੋਟਾ ਅੰਕ

| | |
|---|---|
| i) ਕੋਈ 2 ਅੰਕੀ ਸੰਖਿਆ ਸੋਚੋ । | 14 |
| ii) ਸੰਖਿਆ ਦਾ ਦੁਗਣਾ ਕਰੋ । | $14 \times 2 = 28$ |
| iii) 14 ਜੋੜੋ | $28 + 14 = 42$ |
| iv) 2 ਨਾਲ ਭਾਗ ਕਰੋ | $42 \div 2 = 21$ |
| v) ਸੋਚੀ ਸੰਖਿਆ ਘਟਾਓ | $21 - 14 = 7$ |

ਉੱਤਰ : ਹਮੇਸ਼ਾ 7

## ਵਰਕਸ਼ੀਟ

1. ਵਾਰ-ਵਾਰ ਘਟਾਉਣ ਦੀ ਵਿਧੀ ਨਾਲ ਭਾਗ ਕਰੋ ।

(i) $15 \div 5$ (ii) $40 \div 10$ (iii) $20 \div 4$

2. ਖਾਲੀ ਥਾਵਾਂ ਭਰੋ :



(i) ਸਾਰੀਆਂ ਮਿਲਾ ਕੇ ਕਿੰਨੀਆਂ ਗੇਂਦਾਂ ਹਨ ? ......................

(ii) ਕੁੱਲ ਕਿੰਨੇ ਸਮੂਹ ਹਨ ? ......................

(iii) ਹਰੇਕ ਸਮੂਹ ਵਿੱਚ ਕਿੰਨੀਆਂ ਗੇਂਦਾਂ ਹਨ ? ......................

3. ਦਿੱਤੀ ਗਈ ਗੁਣਾ ਨੂੰ ਭਾਗ ਦੇ ਰੂਪ ਵਿੱਚ ਲਿਖੋ :

(i)

$3 \times 6$ → $18 \div 3$, $18 \div 6$

(ii)

$4 \times 5$ → ☐, ☐

4. ਹੱਲ ਕਰੋ :

| | | | | |
|---|---|---|---|---|
| (i) | $2 \times 4 =$ ☐ | $4 \times 2 =$ ☐ | $8 \div 2 =$ ☐ | $8 \div 4 =$ ☐ |
| (ii) | $4 \times 5 =$ ☐ | $5 \times 4 =$ ☐ | $20 \div 4 =$ ☐ | $20 \div 5 =$ ☐ |
| (iii) | $3 \times 2 =$ ☐ | $2 \times 3 =$ ☐ | $6 \div 3 =$ ☐ | $6 \div 2 =$ ☐ |

5. ਖਾਲੀ ਥਾਵਾਂ ਭਰੋ :

(i) $15 \div 15 =$ ☐ (ii) $18 \div$ 3 $=$ ☐

(iii) $0 \div 20 =$ ☐ (iv) $32 \div$ ☐ $= 1$

(v) ☐ $\div 42 = 0$

6. ਭਾਗ ਕਰੋ :

(i) $48 \div 3 =$ (ii) $56 \div 4 =$ (iii) $70 \div 5 =$

